Sylvia
BISHOP
and TEAM DELTA

# ਕਫਾਤਿਈ ਘਰਾਂ ਅਤੇ ਕਿਰਾਏ 'ਤੇ ਰਿਸਰਚ ਪੱਤਰ ਦਾ ਖੁਲਾਸਾ ਟੀਮ ਡੈਲਟਾ ਅਤੇ ਸਿਲਵੀਆ ਬਿਸ਼ਪ ਨੇ ਕੀਤਾ

ਸਤੰਬਰ **10, 2018** – ਡੈਲਟਾ ਬੀ.ਸੀ.- ਦੋ ਟਰਮਾਂ ਤੋਂ ਕੌਂਸਲਰ ਸਿਲਵੀਆ ਬਿਸ਼ਪ ਜੋ ਹੁਣ ਡੈਲਟਾ ਤੋਂ ਮੇਅਰ ਦੇ ਅਹੁਦੇ ਲਈ ਚੋਣ ਲੜ੍ਹ ਰਹੀ ਹੈ, ਨਾਲ ਹੀ ਇਹਨਾਂ ਦੀ ਸਲੇਟ ਦੇ ਤਹਿਤ ਕੌਂਸਲਰ ਉਮੀਦਵਾਰਾਂ ਨੇ ਅੱਜ "ਮੇਡ ਇਨ ਡੈਲਟਾ ਸੋਲਿਊਸ਼ਨ ਰਿਸਰਚ ਪੇਪਰ ਆਨ ਅਫੋਰਡੇਬਲ ਹਾਊਸਿੰਗ ਐਂਡ ਰੈਂਟਲ ਅਕਮੋਡੇਸ਼ਨ" ਦਾ ਖੁਲਾਸਾ ਕੀਤਾ।

**16** ਪੰਨਿਆਂ ਦੇ ਇਸ ਪੇਪਰ ਵਿੱਚ ਉਹਨਾਂ ਚੀਜ਼ਾਂ ਤੇ ਧਿਆਨ ਦਿੱਤਾ ਗਿਆ ਜਿਹਨਾਂ ਦੀ ਵਜ੍ਹਾ ਨਾਲ ਬ੍ਰਿਟਿਸ਼ ਕੋਲੰਬੀਆਂ ਵਿੱਚ ਪਿਛਲੇ ਕੁਝ ਸਮੇਂ ਤੋਂ ਹਾਊਸਿੰਗ ਮਾਰਕਿਟ ਤੇ ਪ੍ਰਭਾਵ ਪਿਆ ਹੈ। ਨਾਲ ਹੀ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਅਤੇ ਕੁਝ ਮਿਊਂਸਪੈਲਟੀਆਂ ਵੱਲੋਂ ਲਾਗੂ ਨੀਤੀਆਂ ਤੇ ਵੀ ਨਜ਼ਰ ਪਾਈ ਗਈ।

"ਕੌਂਸਲਰ ਦੇ ਰੂਪ ਵਿੱਚ ਮੇਰੀ ਮਿਆਦ ਵਿੱਚ ਮੈਨੂੰ ਸਪਸ਼ੱਟ ਹੈ ਕਿ ਹਾਊਸਿੰਗ ਨਾਲ ਜੁੜੇ ਮੁੱਦੇ ਬਹੁਤ ਸਾਰੇ ਡੈਲਟਾ ਨਿਵਾਸੀਆਂ ਲਈ ਚਿੰਤਾ ਦਾ ਕਾਰਨ ਹਨ"।

"ਸਿਟੀ ਆਫ ਡੈਲਟਾ ਨੇ ਇਹਨਾਂ ਮੁੱਦਿਆ ਨੂੰ ਸੰਬੋਧਨ ਕਰਨ ਲਈ ਕੁਝ ਕਦਮ ਚੁੱਕੇ ਹਨ। ਪਰ ਹੁਣ ਸਾਫ ਹੋ ਗਿਆ ਹੈ ਕਿ ਸਥਿਤੀ ਗੰਭੀਰ ਹੁੰਦੀ ਜਾ ਰਹੀ ਹੈ। ਮੈਨੂੰ ਲੱਗਦਾ ਹੈ ਕਿ ਅਕਤੂਬਰ ਵਿੱਚ ਚੁਣੇ ਗਈ ਨਵੀਂ ਕੌਂਸਲ ਨੂੰ ਇਸ ਮੁੱਦੇ ਤੇ ਜਲਦ ਤੋਂ ਜਲਦ ਠੋਸ ਫੈਸਲਾ ਲੈਣਾ ਪਵੇਗਾ"।

ਟੀਮ ਡੈਲਟਾ ਮੈਂਬਰ ਅਤੇ ਮਿਊਂਨਸੀਪਲ ਚੋਣਾਂ ਵਿੱਚ ਪਹਿਲੀ ਵਾਰ ਖੜ੍ਹੀ ਹੋ ਰਹੀ ਉਮੀਦਵਾਰ ਸਿਮਰਨ ਵਾਲੀਆ ਨੇ ਕਿਹਾ ਕਿ "ਮੈਂ ਜਦ ਘਰ ਘਰ ਜਾ ਕੇ ਲੋਕਾਂ ਨਾਲ ਗੱਲਬਾਤ ਕੀਤੀ ਤਾਂ ਹਾਊਸਿੰਗ ਅਫੋਰਡੀਬਿਲਟੀ ਦਾ ਮੁੱਦਾ ਲਗਾਤਾਰ ਲੋਕਾਂ ਵੱਲੋਂ ਉਠਾਇਆ ਗਿਆ"।

"ਜਿਹਨਾਂ ਲੋਕਾਂ ਨਾਲ ਮੈਂ ਗੱਲ ਕੀਤੀ ਉਹਨਾਂ ਵਿੱਚੋਂ ਕਈਆਂ ਨੇ ਇਹ ਚਿੰਤਾ ਜ਼ਾਹਿਰ ਕੀਤੀ ਕਿ ਘਰਾਂ ਦੀਆ ਵੱਧਦੀਆਂ ਕੀਮਤਾਂ ਅਤੇ ਕਿਰਾਏ ਵਿੱਚ ਲਗਾਤਰ ਵਾਧਾ ਉਹਨਾਂ ਲਈ ਚਿੰਤਾ ਦਾ ਵਿਸ਼ਾ ਹੈ। ਮੈਂ ਟੀਮ ਡੈਲਟਾ ਦਾ ਹਿੱਸਾ ਬਣਕੇ ਬਹੁਤ ਖੁਸ਼ ਹਾਂ ਅਤੇ ਅਸੀਂ ਸਾਰੇ ਮਿਲਕੇ ਨਵੇਂ ਵਿਚਾਰਾਂ ਅਤੇ ਨਵੇਂ ਸਮਾਧਾਨਾਂ ਦੇ ਜ਼ਰੀਏ ਇਸ ਸਮੱਸਿਆ ਦਾ ਹੱਲ ਲੱਭਾਂਗੇ"।

ਟੀਮ ਡੈਲਟਾ ਦੀ ਇੱਕ ਹੋਰ ਉਮੀਦਵਾਰ ਕਿਮ ਕੈਂਡਲ ਨੇ ਕਿਹਾ ਕਿ "ਉਹਨਾਂ ਨੂੰ ਕਈ ਨੌਰਥ ਡੈਲਟਾ ਦੇ ਪਰਿਵਾਰਾਂ ਨੇ ਦੱਸਿਆ ਕਿ ਉਹ ਚਿੰਤਿਤ ਹਨ।ਕਿਉਂਕਿ ਉਹਨਾਂ ਦੇ ਬੱਚੇ ਵੱਡੇ ਹੋ ਕੇ ਸਥਾਨਕ ਕਮਿਊਨਟੀ ਵਿੱਚ ਨਹੀਂ ਰਹਿ ਪਾਉਣਗੇ" ।

ਬਿਸ਼ਪ ਨੇ ਦੁਹਰਾਇਆ ਕਿ ਅਕਤੂਬਰ 20 ਨੂੰ ਮੇਅਰ ਚੁਣੇ ਜਾਣ ਦੀ ਸਥਿਤੀ ਵਿੱਚ ਉਹ ਹਾਊਸਿੰਗ ਸੰਬੰਧੀ ਫਾਈਲ ਤੇ ਜਲਦੀ ਫੈਸਲਾ ਲਵੇਗੀ।

ਮੈਂ ਵਾਦਾ ਕੀਤਾ ਹੈ ਕਿ ਚੁਣੇ ਜਾਣ ਤੋਂ ਬਾਦ 100 ਦਿਨਾਂ ਦੇ ਵਿਚਕਾਰ ਮੈਂ ਹਾਊਸਿੰਗ ਅਫੋਰਡੀਬਿਲਟੀ ਅਤੇ ਰੈਂਟਲ ਸੰਮੇਲਨ ਦਾ ਆਯੋਜਨ ਕਰਾਂਗੀ।

ਟੀਮ ਡੈਲਟਾ ਦੇ ਸਥਾਨਕ ਸਰਕਾਰੀ ਉਮੀਦਵਾਰਾ ਵਿੱਚ ਬਿਸ਼ਪ ,ਵਾਲੀਆ ਅਤੇ ਕੈਂਡਲ ਦੇ ਨਾਲ ਨਾਲ ਵੈਟਰਨ ਕਾਊਂਸਲਰ ਰਾਬਰਟ ਕੇਂਪਬੈੱਲ ਅਤੇ ਨਵੇਂ ਡਾ: ਜੌਨ੍ਹ ਹੈਂਸਨ ਸ਼ਾਮਲ ਹਨ।